# ਸ਼ੇਖ ਫ਼ਰੀਦ - ਸਬਦ ੨

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥

ਰਾਗੁ ਆਸਾ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੪੮੮

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥
ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥
ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥
ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥
ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

ਸਾਰ: ਅਸੀਂ ਅਕਸਰ ਅਜਿਹੇ ਛਿੰਨ ਭੰਗਰ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਜੋ ਕਦੇ ਸਾਕਾਰ ਨਹੀਂ ਹੁੰਦੇ, ਅਤੇ ਇਹ ਸਵੈ-ਸਿਰਜਿਤ ਬਿਰਤਾਂਤ ਸਾਡੇ ਜੀਵਨ ਨੂੰ ਵਡਮੁਲੇ ਰੂਪ ਵਿੱਚ ਪ੍ਰਭਾਵਿਤ ਕਰ ਸਕਦੇ ਹਨ। ਇਹਨਾਂ ਬਿਰਤਾਂਤਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਮੁਹਾਰਤ ਹਾਸਲ ਕਰਨ ਦੀ ਕਲਾ ਬਹੁਤ ਅਹਿਮ ਹੈ।

ਜੋ ਹਕੀਕਤ ਅਤੇ ਭਰਮ ਵਿੱਚਲੇ ਅੰਤਰ ਦੀ ਪਹਿਚਾਣ ਕਰਦੀ ਹੈ। ਇਹ ਸਾਡੇ ਜੀਵਨ ਨੂੰ ਨਿਯੰਤਰਿਤ ਕਰਨ ਅਤੇ ਸਾਡੀ ਅੰਦਰਲੀ ਚੇਤਨਾ ਨਾਲ ਜੁੜਨ ਲਈ ਮਹੱਤਵਪੂਰਨ ਹੈ।

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥

ਸੇਖ ਫਰੀਦ ਕਹਿੰਦੇ ਹਨ, ਪਿਆਰੇ ਸਾਥੀਓ, ਆਪਣੇ ਆਪ ਨੂੰ ਉਸ ਇਕ ਊਰਜਾ ਨਾਲ ਜੋੜੋ ਜੋ ਸਾਰੀ ਹੋਂਦ ਦਾ ਤੱਤਸਾਰ ਹੈ।

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥

ਇਹ ਸਰੀਰ ਨਾਸ ਹੋ ਜਾਵੇਗਾ ਅਤੇ ਕਬਰ ਵਿੱਚ ਪੈ ਮਾਮੂਲੀ ਧੂੜ ਬਣ ਜਾਵੇਗਾ। (੧)

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥

ਅੰਤਰ ਆਤਮੇ ਨਾਲ ਜੁੜਨ ਲਈ, ਸੇਖ ਫਰੀਦ ਛਿੰਨ ਪਲ ਦੀਆਂ ਇੱਛਾਵਾਂ ਉਪਰ ਕਾਬੂ ਪਾਉਣ ਦੀ ਪ੍ਰੇਰਣਾ ਦਿੰਦੇ ਹਨ ਜੋ ਅਸ਼ਾਂਤ ਮਨ ਨੂੰ ਉਤੇਜਿਤ ਕਰਦੀਆਂ ਹਨ, ਜਿਵੇਂ ਉਪਰ ਅਸਮਾਨ ਵਿਚ ਉਡਦਾ ਪੰਛੀ, ਹੇਠਲੇ ਸੰਸਾਰ ਦੇ ਭਰਮਾਂ ਵਿੱਚ ਮੋਹਿਤ ਹੋ ਜਾਂਦਾ ਹੈ। (੧)(ਠਹਿਰਾਉ)

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥

ਜੇ ਇਹ ਸਮਝ ਆ ਜਾਵੇ ਕਿ ਨਾਸ ਹੋਇਆ ਸਰੀਰ ਮੁੜ ਵਾਪਸ ਨਹੀਂ ਮਿਲਦਾ।

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥

ਤਾਂ ਮਨ ਸੰਸਾਰਿਕ ਭਰਮਾਂ ਵਿਚ ਨਹੀਂ ਫਸਦਾ; ਇਹ ਆਪੇ ਦੀ ਹਉਮੈ ਤਿਆਗਣ ਦੇ ਯਤਨ ਵਿਚ ਰੁਝ ਜਾਂਦਾ ਹੈ। (੨)

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥

ਨੇਕ ਕਰਮ ਦੇ ਤੌਰ ‘ਤੇ ਸੱਚ ਬੋਲੋ, ਅਤੇ ਕਿਸੇ ਵੀ ਤਰ੍ਹਾਂ ਦੇ ਝੂਠੇ ਬੋਲ ਤੋਂ ਦੂਰ ਰਹੋ।

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥

ਉਹ ਬਿਬੇਕ ਜੋ ਅਗਿਆਨਤਾ ਤੋਂ ਗਿਆਨ ਦੇ ਮਾਰਗ ਦਾ ਰਾਹ ਰੁਸ਼ਨਾਵੇ, ਸਾਧਕ ਲਈ ਰੂਹਾਨੀ ਯਾਤਰਾ ਦੀ ਅਗਵਾਈ ਕਰ ਸਕਦਾ ਹੈ। (੩)

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥

ਇਕ ਨੌਜਵਾਨ ਨੂੰ ਕਾਮਯਾਬੀ ਦੇ ਰਾਹ ਤੁਰਦੇ ਵੇਖ ਕੇ ਕੁਆਰੀ ਦਾ ਦਿਲ ਵੀ ਪ੍ਰੇਰਿਤ ਹੁੰਦਾ ਹੈ, ਪ੍ਰਤੀਕਾਤਮਿਕ ਤੌਰ ਤੇ ਇਕ ਜਗਿਆਸੂ ਸਮਰਥਾਵਾਨਾਂ ਨੂੰ ਵੇਖ ਪ੍ਰੇਰਿਤ ਹੁੰਦਾ ਹੈ।

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥

ਪਦਾਰਥਕ ਦੌਲਤ ਵੱਲ ਝੁਕਾਅ ਰੱਖਣ ਵਾਲੇ ਅੰਦਰੂਨੀ ਟਕਰਾਅ ਕਾਰਣ ਇਸ ਤਰ੍ਹਾਂ ਦੋਫਾੜ ਹੋ ਜਾਂਦੇ ਹਨ ਜਿਵੇਂ ਕਿਸੇ ਵਸਤੂ ਨੂੰ ਆਰਾ ਕੱਟਦਾ ਹੈ (੪)

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥

ਸੇਖ ਫਰੀਦ ਕਹਿੰਦੇ ਹਨ ਕਿ ਇਸ ਸੰਸਾਰ ਵਿੱਚ ਕੋਈ ਵੀ ਚੀਜ਼ ਸਥਾਈ ਨਹੀਂ ਹੈ।

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥

ਜਿਸ ਗੱਦੀ 'ਤੇ ਅਸੀਂ ਬੈਠੇ ਹਾਂ, ਕਦੇ ਉਸ ਉਪਰ ਬਹੁਤ ਸਾਰੇ ਉਹ ਬੈਠੇ ਹੋਏ ਸਨ ਜੋ ਇਥੋਂ ਕੂਚ ਕਰ ਚੁਕੇ ਹਨ। ਜੋ ਇਸ ਸੰਸਾਰ ਵਿਚਲੀਆਂ ਚਲਤ ਭੂਮਿਕਾਵਾਂ ਨੂੰ ਅਦਾ ਕਰਨ ਦਾ ਪ੍ਰਤੀਕ ਹੈ। (੫)

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥

ਜਿਵੇਂ ਹੀ ਕਤਕ ਸ਼ੁਰੂ ਹੁੰਦਿਆਂ, ਪੰਛੀ ਪਰਵਾਸ ਕਰਦੇ ਹਨ, ਚੇਤ ਮਹੀਨੇ ਦੀ ਗਰਮੀ ਜੰਗਲਾਂ ਦੀ ਅੱਗ ਨੂੰ ਭੜਕਾਉਂਦੀ ਹੈ, ਅਤੇ ਸਾਵਨ ਦੇ ਦੌਰਾਨ, ਬਦਲਾਂ ਨਾਲ ਭਰੇ ਅਸਮਾਨ ਵਿੱਚ ਬਿਜਲੀ ਚਮਕਦੀ ਹੈ।

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥

ਸਰਦੀਆਂ ਦੇ ਦੌਰਾਨ, ਜੋੜੇ ਠੰਡ ਤੋਂ ਰਾਹਤ ਪਾਉਣ ਲਈ ਨਿੱਘੀ ਗਲਵਕੜੀ ਦੀ ਤਾਂਘ ਕਰਦੇ ਹਨ। ਜੋ ਕੁਦਰਤ ਦੇ ਅਦਭੁਤ ਚੱਕਰ ਦਾ ਪ੍ਰਤੀਕ ਹੈ। (੬)

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥

ਹੋਂਦ ਅਸਥਾਈ ਹੈ; ਇਸ ਬਾਰੇ ਆਪਣੇ ਮਨ ਵਿੱਚ ਵਿਚਾਰ ਕਰੋ।

ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥

ਗਰਭ ਅਵਸਥਾ ਵਿਚ ਇਕ ਭਰੂਣ ਨੂੰ ਸਰੀਰ ਧਾਰਨ ਕਰਨ ਲਈ ਛੇ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ, ਪਰ ਇਸਦੀ ਹੋਂਦ ਇੱਕ ਪਲ ਵਿੱਚ ਖਤਮ ਹੋ ਸਕਦੀ ਹੈ। (੭)

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥

ਸੇਖ ਫਰੀਦ ਕਥਨ ਕਰਦੇ ਹਨ ਕਿ ਧਰਤੀ ਅਸਮਾਨ ਨੂੰ ਪੁੱਛਦੀ ਹੈ, "ਕਿਸ਼ਤੀ ਨੂੰ ਚਲਾਉਣ ਵਾਲੇ ਕਿੱਥੇ ਗਏ?" ਇਹ ਸਮਾਜ ਦੀ ਅਗਵਾਈ ਕਰਨ ਵਾਲਿਆਂ ਦੀ ਹੋਂਦ ਦੀ ਨਾਜ਼ੁਕਤਾ ਨੂੰ ਉਜਾਗਰ ਕਰਦੀ ਹੈ।

ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

ਕਈਆਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਕਈਆਂ ਨੂੰ ਦਫ਼ਨਾਇਆ ਗਿਆ, ਪਰ ਜਿਉਂਦੇ ਜੀਅ ਉਹ ਇਕ ਦੂਜੇ ਨਾਲ ਮਤਭੇਦਾਂ ਵਿਚ ਫਸੇ ਹੋਏ ਦੁਖ ਝਲਦੇ ਰਹੇ। (੮)(੨)

ਤੱਤ: ਸ਼ੇਖ ਫ਼ਰੀਦ ਦੱਸਦੇ ਹਨ ਕਿ ਅਸਥਾਈਤਾ ਹੋਂਦ ਦਾ ਲੱਛਣ ਹੈ। ਹਰ ਚੀਜ਼ ਨਿਰੰਤਰ ਪ੍ਰਵਾਹ ਵਿੱਚ ਹੈ, ਅਤੇ ਬਣੀ ਹੋਈ ਹਰ ਵਸਤ ਆਰਜ਼ੀ ਹੈ। ਇਸ ਸੰਸਾਰ ਵਿੱਚ ਕੁਝ ਵੀ ਸਥਾਈ ਨਹੀਂ ਹੈ, ਸਾਡੇ ਵਿਚਾਰ, ਭਾਵਨਾਵਾਂ ਜਾਂ ਸਰੀਰ ਵੀ ਨਹੀਂ। ਇਸ ਤੱਥ ਨੂੰ ਪਛਾਣਨ ਨਾਲ ਸਾਨੂੰ ਦੁੱਖ ਦੂਰ ਕਰਨ ਵਿਚ ਮਦਦ ਮਿਲ ਸਕਦੀ ਹੈ। ਆਪਣੀਆਂ ਖਾਹਿਸਾਂ ਦਾ ਨਿਯੰਤਰਨ ਕਰ, ਆਪਣੇ ਕਾਬੂ ਤੋਂ ਬਾਹਰ ਵਸਤਾਂ ਦੇ ਲਗਾਵ ਤੋਂ ਬਚ, ਅਸੀਂ ਵਧੇਰੇ ਸਦਭਾਵਨਾ ਵਾਲਾ ਸਮਾਜ ਸਿਰਜਣ ਵਿਚ ਯੋਗਦਾਨ ਪਾ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ**:** **OnenessInDiversity.com**
ਈਮੇਲ**:** **onenessindiversityfoundation@gmail.com**